This question paper contains 5 printed pages]

*Your Roll No.*...............

**5393**

**B.A. (PROGRAMME)/II** **A**

**(L)**

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮੈਂ ਤੂੰ ਤੇ ਕੁਝ ਵੀ ਚੀਜ਼ ਨਾਹੀਂ,

ਵੱਡੇ ਵੱਡੇ ਗਏ ਤਾਜ਼ਦਾਰ ਖ਼ਾਲੀ ।

ਜਿਸ ਦਿਨ ਮੋਯਾ ਸਕੰਦਰ ਸੀ ਕਫ਼ਨ ਵਿਚੋਂ,

ਦੋਵੇਂ ਹੱਥ ਹੈਸਨ ਬਾਹਰਵਾਰ ਖਾਲੀ ।

ਮਤਲਬ ਇਹ ਕਿ ਆਯਾ ਸਾਂ ਹੱਥ ਖਾਲੀ,

ਹੁਣ ਭੀ ਚਲਿਆ ਹਾਂ ਆਖ਼ਰਕਾਰ ਖ਼ਾਲੀ ।

ਦੋ ਗਜ਼ ਕਫ਼ਨ ਹੈ ਸਿਰਫ਼ ਨਸੀਬ ਹੋਯਾ,

ਓਹ ਵੀ ਦੇਖ ਲਵੋ ਪੱਲੇ ਚਾਰ ਖ਼ਾਲੀ ।

(ਅ) ਸ਼ਰਧਾ ਖ਼ਾਤਰ ਦਿੱਤੀਆਂ ਗਈਆਂ

ਲਖ ਜਿੰਦਾਂ ਦੀਆਂ ਬਲੀਆਂ,

ਸ਼ਰਧਾ ਖ਼ਾਤਰ ਰੋਲੀਆਂ ਗਈਆਂ

ਲਖ ਪੈਰਾਂ ਵਿਚ ਕਲੀਆਂ,

ਆਪ-ਮੁਹਾਰੀਆਂ ਲੱਖ ਜਿੰਦੜੀਆਂ

ਸੋਚ ਸਮਝ ਕੇ, ਹਸੱਦੀਆਂ ਹਸੱਦੀਆਂ,

ਇਸ ਸ਼ਰਧਾ ਦੇ ਹਵਨ-ਕੁੰਡ ਵਿਚ

ਵਾਂਗ ਅਹੂਤੀ ਸੜੀਆਂ ।

(ੲ) ਜਦੋ ਹੱਕ ਦਾ ਨਾਹਰਾ ਲੱਗਾ

ਸਾਮਰਾਜ ਸੁਣ ਹੋਇਆ ਬੱਗਾ

ਪੈਰਾਂ ਹੇਠੋਂ ਗਈਆਂ – ਨਿਕਲ ਧਰਤੀਆਂ ।

ਇਸ ਵੇਲੇ ਦੀ ਨ੍ਹੇਰੀ ਅੰਦਰ

ਪੂੰਜੀਵਾਦ ਦਾ ਕੁੱਲ ਅੰਡਬਰ
ਉੱਡ ਜਾਣਾ ਹੈ ਤੀਲਾ ਤੀਲਾ
ਜਾਣ ਗਏ ਸਭ ਗੱਲਾਂ ਹੋ ਕੇ ਰਹਿਣਗੀਆਂ ।

ਜਾਂ

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਦੋ ਕਵਿਤਾਵਾਂ ਦੇ ਵਿਸ਼ੇ ਬਾਰੇ ਚਰਚਾ ਕਰੋ :

(*i*) "ਕਾਹਨੂੰ ਬਾਲਦੈਂ" – ਤਾਰਾ ਸਿੰਘ

(*ii*) "ਮਾਏ ਨੀ" – ਹਰਿਭਜਨ ਸਿੰਘ

(*iii*) "ਸੁਨੇਹੜੇ" – ਅੰਮ੍ਰਿਤਾ ਪ੍ਰੀਤਮ

(*iv*) "ਖੇੜਾ" – ਭਾਈ ਵੀਰ ਸਿੰਘ । 15

2. "ਕਲ੍ਹ ਅੱਜ ਤੇ ਭਲਕ" ਨਾਟਕ ਦੀ ਪਾਤਰ ਉਸਾਰੀ ਬਾਰੇ ਚਰਚਾ ਕਰਦੇ ਹੋਏ ਕਿਸੇ ਦੋ ਪਾਤਰਾਂ ਨਾਲ ਜਾਣ-ਪਛਾਣ ਕਰਾਉ ।

ਜਾਂ

ਕੀ ਹਰਚਰਨ ਸਿੰਘ ਦਾ ਨਾਟਕ "ਕਲ੍ਹ ਅੱਜ ਤੇ ਭਲਕ" ਅਜੋਕੀ ਰਾਜਨੀਤੀ ਉਪਰ ਇਕ ਵਿਅੰਗ ਹੈ ? ਪ੍ਰਸ਼ਨ ਦਾ ਉਤੱਰ ਦਲੀਲਾਂ ਸਹਿਤ ਦਿਉ । 15

3. ਹੇਠ ਲਿਖੇ ਪੈਰੇ ਨੂੰ ਸੰਖੇਪ ਕਰ ਕੇ ਲਿਖੋ ਤੇ ਢੁਕਵਾਂ ਸਿਰਲੇਖ ਵੀ ਦਿਉ :

"ਮਨੋਵਿਗਿਆਨੀਆਂ ਨੇ ਆਤਮ ਸਨਮਾਨ ਨੂੰ ਪ੍ਰਮੁੱਖ ਸਥਾਈ ਭਾਵ ਕਿਹਾ ਹੈ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਸ ਸਥਾਈ ਭਾਵ ਦਾ ਵੱਧ ਤੋਂ ਵੱਧ ਵਿਕਾਸ ਕਰਨਾ ਹਰ ਸਿੱਖਿਆ ਪ੍ਰਣਾਲੀ ਦਾ ਟੀਚਾ ਹੋਣਾ ਚਾਹੀਦਾ ਹੈ । ਉਪਨਿਸ਼ਦ ਵੀ ਆਤਮ ਗਿਆਨ ਅਤੇ ਆਤਮ ਪ੍ਰਾਪਤੀ

ਨੂੰ ਜ਼ਿੰਦਗੀ ਦਾ ਪਰਮ ਉਦੇਸ਼ ਕਹਿੰਦੇ ਹਨ। ਆਤਮ ਪਛਾਣ ਉੱਤੇ ਯੂਨਾਨ ਦਾ ਪ੍ਰਸਿੱਧ ਫਿਲਾਸਫਰ ਸੁਕਰਾਤ ਵੀ ਬਹੁਤ ਜ਼ੋਰ ਦੇਂਦਾ ਸੀ। ਉਸ ਦੇ ਸਾਰੇ ਵਾਰਤਾਲਾਪ ਫੁੱਲਾਂ, ਪੱਤਿਆਂ, ਪਰਾਤਾਂ, ਤਵਿਆਂ ਤੋਂ ਸ਼ੁਰੂ ਹੋ ਕੇ ਸ੍ਵੈ ਜਾਂ ਆਤਮਾ ਦੀ ਪਛਾਣ ਤੇ ਹੀ ਮੁਕਦੇ ਹਨ। ਆਤਮ ਪਛਾਣ ਜਾਂ ਆਤਮ ਪ੍ਰਾਪਤੀ ਵਿਚ ਸ਼ਾਮਲ ਹੈ ਆਪਣੀਆਂ ਸੰਭਾਵਨਾਵਾਂ ਅਤੇ ਆਪਣੀ ਸ਼ਕਤੀਆਂ, ਸਮੱਰਥਾਵਾਂ ਅਤੇ ਯੋਗਤਾਵਾਂ ਨੂੰ ਪਛਾਨਣਾ ਤੇ ਸਿਖਰ ਤੱਕ ਪਹੁੰਚਾਉਣਾ। ਇਸ ਵਿਚ ਆਪਣੀਆਂ ਖ਼ਾਮੀਆਂ ਅਤੇ ਕਮਜ਼ੋਰੀਆਂ ਨੂੰ ਜਾਣਨਾ ਤੇ ਇਨ੍ਹਾਂ ਨੂੰ ਦੂਰ ਕਰਨਾ ਵੀ ਸ਼ਾਮਲ ਹੈ। ਮਨੁੱਖ ਦੀਆਂ ਸੰਭਾਵਨਾਵਾਂ ਦਾ ਉਚੱਤਮ ਵਿਕਾਸ ਤੇ ਕਮੀਆਂ ਦੀ ਭਰਪਾਈ ਹੀ ਸਿਖਿਆ ਦਾ ਪਰਮ ਉਦੇਸ਼ ਹੈ। ਇਹੋ ਹੀ ਆਤਮ ਸਨਮਾਨ ਹੈ। ਆਤਮ ਸਨਮਾਨ ਦੀ ਘਾਟ ਨੂੰ ਹੀ ਘਮੰਡ ਜਾਂ ਹੰਕਾਰ ਕਿਹਾ ਜਾ ਸਕਦਾ ਹੈ।" 10

4. ਗੈਰਹਾਜ਼ਰੀ ਕਾਰਨ ਕਾਲਜ ਵਿਚੋਂ ਤੁਹਾਡਾ ਨਾਂ ਕੱਟ ਚੁੱਕਾ ਹੈ। ਗੈਰਹਾਜ਼ਰੀ ਦਾ ਕਾਰਨ ਦੱਸਦੇ ਹੋਏ ਕਾਲਜ ਦੇ ਪ੍ਰਿੰਸੀਪਲ ਨੂੰ ਮੁੜ ਦਾਖ਼ਲ ਕਰਨ ਲਈ ਬਿਨੈ ਪਤੱਰ ਲਿਖੋ।

ਜਾਂ

ਤੁਸੀਂ ਆਪਣੇ ਕਾਲਜ ਦੇ ਬੈਂਕ ਵਿਚ ਆਪਣਾ ਖ਼ਾਤਾ ਖੁਲਵਾਉਣਾ ਚਾਹੁੰਦੇ ਹੋ, ਬੈਂਕ ਦੇ ਮਨੇਜਰ ਨੂੰ ਬਿਨੈ ਪੱਤਰ ਲਿਖ ਕੇ ਖ਼ਾਤਾ ਖੋਲ੍ਹਣ ਲਈ ਕਹੋ। 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਦੋ ਦਾ ਉੱਤਰ ਦਿਉ :

(*i*) ਸੰਯੁਕਤ ਵਾਕ ਕਿਸ ਨੂੰ ਆਖਦੇ ਹਨ ? ਦੋ ਸੰਯੁਕਤ ਵਾਕ ਲਿਖੋ।

(*ii*) ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

(*iii*) ਪੰਜਾਬੀ ਸ਼ਬਦ ਜੋੜਾਂ ਦੇ ਕੋਈ ਪੰਜ ਨਿਯਮ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(*i*) ਪ੍ਰੀਤਮ ਸਿੰਘ ਸਫ਼ੀਰ ਆਪਣੀ ਕਵਿਤਾ 'ਕੱਤਕ ਕੂੰਜਾਂ' ਵਿਚ ਸਾਨੂੰ ਕੀ ਦੱਸਦਾ ਹੈ ?

(*ii*) "ਫੀਰੋਜ਼ਦੀਨ ਸਰਫ਼ ਦੀ ਕਵਿਤਾ ਪੰਜਾਬ ਦੇ ਇਤਿਹਾਸ ਤੋਂ ਪ੍ਰੇਰਨਾ ਗ੍ਰਹਿਣ ਕਰਦੀ ਹੈ।" ਇਸ ਕਥਨ ਦੀ ਪ੍ਰੋੜਤਾ ਉਸ ਦੀ ਕਵਿਤਾ ਵਿਚੋਂ ਕੋਈ ਉਦਾਹਰਣ ਦੇ ਕੇ ਕਰੋ ।

(*iii*) ਧਨੀਰਾਮ ਚਾਤ੍ਰਿਕ ਦੀ ਕਵਿਤਾ 'ਸੁਰਗੀ ਜਿਊੜੇ' ਦਾ ਕੇਂਦਰੀ ਭਾਵ ਲਿਖੋ ।

(*iv*) 'ਕਲ੍ਹ ਅੱਜ ਤੇ ਭਲਕ' ਨਾਟਕ ਵਿਚ ਮੰਤਰੀ ਦੇ ਚੁਣਾਓ ਜਿੱਤਣ ਤੋਂ ਬਾਅਦ ਉਸ ਦੇ ਸਾਥੀ ਕੀ ਕੁਝ ਕਰਨਾ ਚਾਹੁੰਦੇ ਹਨ ?

(*v*) 'ਵਾਰਤਾਲਾਪ' ਜਾਂ 'ਸੰਵਾਦ' ਦਾ ਨਾਟਕ ਵਿਚ ਕੀ ਮਹੱਤਵ ਹੈ ? ਸੰਖੇਪ ਵਿਚ ਲਿਖੋ । 15